بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 30.10.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਅਕਤੂਬਰ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਘਟਨਾਵਾਂ ਅਤੇ ਅਤੇ ਆਪ ਜੀ ਦੇ ਹਵਾਲੇ ਨਾਲ ਜੋ ਆਪ ਜੀ ਨੇ ਸਚੱਾਈਆਂ ਵਰਨਣ ਕੀਤੀਆਂ ਉਹਨਾਂ ਨੂੰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਆਪਣੇ ਵੱਖ ਵੱਖ ਭਾਸਣਾ ਵਿੱਚ ਵਰਨਣ ਕੀਤਾ ਹੋਇਆ ਹੈ, ਉਹਨਾਂ ਨੂੰ ਮੈਂ ਅੱਜ ਵਰਨਣ ਕਰਾਂਗਾ ਜੋ ਵੱਖ ਵੱਖ ਥਾਵਾਂ'ਚੋਂ ਇਕਤੱਰ ਕਰਕੇ । ਹਰ ਘਟਨਾ ਜਾਂ ਸਚੱਾਈ ਆਪਣੇ ਵਿੱਚ ਵੱਖੋ ਵੱਖਰੀ ਨਸੀਹਤ ਜਾਂ ਉਪਦੇਸ਼ ਦਾ ਪੱਖ ਰਖੱਦੀ ਹੈ । ਇਸ ਗੱਲ ਵੱਲ ਧਿਆਨ ਦੁਆਦਿਆਂ ਹੋਇਆਂ ਕਿ ਜਮਾਤ ਦੇ ਲੋਕਾਂ ਨੂੰ ਆਪਣੇ ਗਿਆਨ ਵਿੱਚ ਵਾਧਾ ਕਰਨਾ ਚਾਹੀਦਾ ਹੈ ਧਾਰਮਕ ਗਿਆਨ ਰਖੱਣ ਵਾਲੇ ਵੀ ਖ਼ਾਸ ਖ਼ਬਰਾਂ ਦੀ ਜਾਣਕਾਰੀ ਰਖੱਣ ਅਤੇ ਇਤਿਹਾਸ ਦੀ ਵੀ ਜਾਣਕਾਰੀ ਰਖੱਣ, ਵਿਸ਼ੇਸ਼ ਤੌਰ'ਤੇ ਮੁਰੱਬੀ ਅਤੇ ਮੁਬੱਲਗ਼ੀਨ ਹਨ । ਉਹਨਾਂ ਨੂੰ ਚਾਹੀਦਾ ਹੈ ਕਿ ਵਿਸ਼ੇਸ਼ ਧਿਆਨ ਦੇਣ । ਅੱਜ ਕੱਲ ਦੀ ਦੁਨੀਆ ਵਿੱਚ ਤਾਂ ਇਹ ਜਾਣਕਾਰੀ ਝੱਟ ਬਹੁਤ ਅਸਾਨੀ ਨਾਲ ਮਿਲ ਜਾਂਦੀ ਹੈ । ਬਹਿਰਹਾਲ ਇਕ ਸਚੱਾਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਨੇ ਵਰਨਣ ਕੀਤੀ ਹੈ ਜੋ ਵਿਦਿਅਕ ਯੋਗਤਾ ਵਧਾਉਣ ਵੱਲ ਧਿਆਨ ਦੁਆਉਂਦੀ ਹੈ । ਆਪ ਫ਼ਰਮਾਉਂਦੇ ਹਨ ਕਿ ਕੋਈ ਵਿਅਕਤੀ ਸੀ ਜੋ ਵੱਡਾ ਪੀਰ ਅਖਵਾਉਂਦਾ ਸੀ ਕਿਸੇ ਬਾਦਸ਼ਾਹ ਦਾ ਵਜ਼ੀਰ ਉਸਦਾ ਸ਼ਰਧਾਲੂ ਹੋ ਗਿਆ ਇੱਥੋਂ ਤੱਕ ਕਿ ਉਸ ਨੇ ਬਾਦਸ਼ਾਹ ਨੂੰ ਵੀ ਤਹਰੀਕ ਕੀਤੀ ਕਿ ਆਪ ਵੀ ਉਸ ਦੇ ਦਰਸ਼ਨ ਜ਼ਰੂਰ ਕਰਨ । ਆਪ (ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ) ਲਿਖੱਦੇ ਹਨ ਕਿ ਪਤਾ ਨਹੀਂ ਉਹ ਪੀਰ ਸੀ ਜਾਂ ਨਹੀਂ ਪਰ ਜੋ ਗੱਲਾਂ ਅੱਗੇ ਆਉਂਦੀਆਂ ਹਨ ਉਹਨਾਂ ਤੋਂ ਪਤਾ ਲਗੱਦਾ ਹੈ ਕਿ ਮੂਰਖ ਅਵਸ਼ ਸੀ । ਜੱਦ ਬਾਦਸ਼ਾਹ ਉਸਨੂੰ ਮਿਲਣ ਲਈ ਆਇਆ ਤਾਂ ਉਹ ਪੀਰ ਕਹਿਣ ਲਗੱਾ, ਬਾਦਸ਼ਾਹ ਜੀਓ ਤੁਹਾਨੂੰ ਨਿਆਂ ਕਰਨਾ ਚਾਹੀਦਾ ਹੈ, ਦੇਖੋ ਮੁਸਲਮਾਨਾਂ ਵਿੱਚੋਂ ਜੋ ਸਿਕੰਦਰ ਨਾਮੀ ਬਾਦਸ਼ਾਹ ਲੰਘਿਆ ਹੈ ਉਹ ਕਿੰਨ੍ਹਾ ਨਿਆਏ ਪ੍ਰੀਯ ਤੇ ਇੰਸਾਫ਼ ਕਰਨ ਵਾਲਾ ਸੀ ਅਤੇ ਉਸ ਦੀ ਅੱਜ ਤੱਕ ਕਿੱਨ੍ਹੀ ਪ੍ਰਸਿੱਧੀ ਹੈ । ਜੱਦ ਕਿ ਸਿਕੰਦਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਜੁੱਗ ਤੋਂ ਸੈਂਕੜੇ ਸਾਲ ਪਹਿਲਾਂ ਸਗੋਂ ਹਜ਼ਰਤ ਈਸਾ ਅਲੈਹਿ ਸਲਾਮ ਤੋਂ ਵੀ ਪਹਿਲਾਂ ਲੰਘ ਚੁਕਿਆ ਸੀ ਪਰ ਉਸ ਨੇ ਸਿਕੰਦਰ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਤੋਂ ਬਾਦ ਦਾ ਬਾਦਸ਼ਾਹ ਕਰਾਰ ਦੇਕੇ ਉਸ ਨੂੰ ਮੁਸਲਮਾਨ ਬਾਦਸ਼ਾਹ ਮਿੱਥ ਦਿੱਤਾ । ਸਿੱਟਾ ਇਹ ਹੋਇਆ ਕਿ ਬਾਦਸ਼ਾਹ ਉਪੱਰ ਤਾਂ ਕੀ ਪ੍ਰਭਾਵ ਪੈਣਾ ਸੀ, ਸਗੋਂ ਬਾਦਸ਼ਾਹ ਉਸ ਤੋਂ ਹੋਰ ਵੀ ਉਪਰਾਮ ਹੋ ਗਿਆ ਅਤੇ ਝੱਟ ਉਠ ਕੇ ਚਲਾ ਗਿਆ । ਇਸ'ਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਫ਼ਰਮਾਉਂਦੇ ਹਨ ਕਿ ਇਤਿਹਾਸ ਪੀਰੀ ਲਈ ਸ਼ਰਤ ਨਹੀਂ ਹੈ ਪਰ ਇਹ ਮੁਸੀਬਤ ਤਾਂ ਉਸ ਆਪ ਹੁਦਰੇ ਪੀਰ ਨੇ ਆਪ ਹੀ ਆਪਣੇ ਲਈ ਸਹੇੜੀ ਸੀ । ਜੱਦ ਮਨੁੱਖ

ਸਚੱਾਈ ਤੋਂ ਹੱਟਕੇ ਕੇਵਲ ਨਾਂ ਦੀ ਪੀਰੀ ਦਾ ਚੋਲ੍ਹਾ ਪਾਵੇ ਜਾਂ ਪਾਉਣ ਦਾ ਜਤਨ ਕਰਦਾ ਹੈ ਤਾਂ ਫਿਰ ਇਸੇ ਪ੍ਰਾਕਾਰ ਜ਼ਲੀਲ ਤੇ ਨਿਰਾਦਰ ਹੁੰਦਾ ਹੈ, ਇਹੋ ਸਿੱਟਾ ਹੁੰਦਾ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਲੋਕਾਂ ਨੂੰ ਬਹੁਤ ਕਾਹਲੀ ਹੁੰਦੀ ਹੈ ਕਿਸੇ ਲਈ ਬਦ ਦੁਆ ਕਰਨ ਦੀ । ਸਾਡਾ ਇਹੋ ਉਸੂਲ ਹੋਣਾ ਚਾਹੀਦਾ ਹੈ ਕਿ ਅਸੀਂ ਕਿਸੇ ਲਈ ਬਦ ਦੁਆ ਨ ਕਰੀਏ ਸਗੋਂ ਸਾਨੂੰ ਆਪਣੇ ਵਿਰੋਧੀਆਂ ਲਈ ਦੁਆ ਕਰਨੀ ਚਾਹੀਦੀ ਹੈ, ਅਖੀਰ ਉਹਨਾਂ ਨੇ ਹੀ ਈਮਾਨ ਲਿਆਉਂਣਾ ਹੈ । ਮੌਲਵੀ ਅਬਦੁਲ ਕਰੀਮ ਸਾਹਬ ਫ਼ਰਮਾਇਆ ਕਰਦੇ ਸਨ ਕਿ ਮੈਂ ਚੁਬਾਰੇ ਵਿੱਚ ਰਹਿੰਦਾ ਸੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਘਰ ਦੇ ਹੇਠਲੇ ਭਾਗ ਵਿੱਚ ਸਨ ਕਿ ਇਕ ਰਾਤ ਹੇਠਲੇ ਭਾਗ ਵਿੱਚੋਂ ਮੈਂਨੂੰ ਇਉਂ ਰੋਣ ਦੀ ਅਵਾਜ਼ ਆਈ ਜਿਵੇਂ ਕੋਈ ਇਸਤਰੀ ਬੱਚਾ ਜਣਨ ਸਮੇਂ ਕੁਰਲਾਉਂਦੀ ਹੈ । ਮੈਂਨੂੰ ਬਹੁਤ ਹੈਰਾਨੀ ਹੋਈ ਅਤੇ ਮੈਂ ਕੰਨ੍ਹ ਲਾਕੇ ਆਵਾਜ਼ ਨੂੰ ਸੁਣਿਆ ਤਾਂ ਪਤਾ ਲੱਗਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੁਆ ਕਰ ਰਹੇ ਹਨ, ਅਤੇ ਆਪ ਕਹਿ ਰਹੇ ਹਨ ਕਿ ਹੇ, ਖ਼ੁਦਾ ! ਤਾਊਨ (ਪਲੇਗ) ਪਈ ਹੋਈ ਹੈ ਅਤੇ ਲੋਕ ਇਸ ਦੇ ਸਬਬ ਮਰ ਰਹੇ ਹਨ । ਹੇ, ਖ਼ੁਦਾ ! ਜੇਕਰ ਇਹ ਸਾਰੇ ਲੋਕ ਮਰ ਗਏ ਤਾਂ ਤੇਰੇ ਉਪੱਰ ਈਮਾਨ ਕੌਣ ਲਿਆਏਗਾ । ਹੁਣ ਦੇਖੋ ਤਾਊਨ ਉਹ ਨਿਸ਼ਾਨ ਸੀ ਜਿਸ ਦੀ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਖ਼ਬਰ ਦਿੱਤੀ ਸੀ । ਤਾਊਨ ਦੇ ਨਿਸ਼ਾਨ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਪੇਸ਼ਗੋਈਆਂ ਤੋਂ ਵੀ ਪਤਾ ਚਲਦਾ ਹੈ, ਪਰ ਜੱਦ ਤਾਊਨ ਆਉਂਦੀ ਹੈ ਤਾਂ ਉਹੋ ਵਿਅਕਤੀ ਜਿਸ ਦੀ ਸਚੱਾਈ ਨੂੰ ਪ੍ਰਗਟ ਕਰਨ ਲਈ ਤਾਊਨ ਆਉਂਦੀ ਹੈ ਕਿ ਰੱਬ ਦੇ ਸਾਹਮਣੇ ਗਿੜਗੜਾਉਂਦਾ ਹੈ ਅਤੇ ਕਹਿੰਦਾ ਹੈ ਕਿ ਹੇ, ਅਲੱਾਹ ! ਜੇਕਰ ਇਹ ਲੋਕ ਮਰ ਗਏ ਤਾਂ ਤੇਰੇ ਉਪੱਰ ਕੌਣ ਈਮਾਨ ਲਿਆਏਗਾ । ਸੋ ਮੋਮਿਨ ਨੂੰ ਆਮ ਲੋਕਾਂ ਲਈ ਬਦ ਦੁਆ ਨਹੀਂ ਕਰਨੀ ਚਾਹੀਦੀ ।

ਫ਼ਰਮਾਉਂਦੇ ਹਨ, ਸੋ, ਜਿੰਨ੍ਹਾ ਲੋਕਾਂ ਨੂੰ ਉਚੱਤਮ ਸਥਾਨ ਤੱਕ ਪਹੁੰਚਾਉਂਣ ਲਈ ਸਾਨੂੰ ਨਿਯੁਕਤ ਕੀਤਾ ਗਿਆ ਹੈ, ਉਹਨਾਂ ਲਈ ਅਸੀਂ ਬਦ ਦੁਆ ਕਿਵੇਂ ਕਰ ਸਕਦੇ ਹਾਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ :

ਐ ਦਿਲ ਤੂ ਨੀਜ਼ ਖ਼ਾਤਰ ਈਨਾ ਨਿਗਾਹਦਾਰ          ਕਿ ਆਖ਼ਰ ਕੁਨੰਦ ਦਾਵਾਇ ਹੁੱਬੇ ਪੈਯੰਬਰੀ ।

ਕਿ ਹੇ, ਮੇਰੇ ਮਨ ਤੂੰ ਉਹਨਾਂ ਲੋਕਾਂ ਦੇ ਵਿਚਾਰਾਂ, ਜਜ਼ਬਿਆਂ ਤੇ ਭਾਵਨਾਵਾਂ ਦਾ ਖ਼ਿਆਲ ਰੱਖਿਆ ਕਰ ਤਾਂ ਜੋ ਉਹਨਾਂ ਦੇ ਦਿਲ ਮੈਲੇ ਨ ਹੋਣ । ਇਹ ਨ ਹੋਵੇ ਕਿ ਤੰਗ ਆਕੇ ਤੂੰ ਬਦ ਦੁਆ ਕਰਨ ਲੱਗ ਜਾਵੇਂ । ਅਰਥਾਤ ਆਪਣੇ ਆਪ ਨੂੰ ਕਹਿ ਰਹੇ ਹਨ, ਅਖੀਰ ਉਹਨਾਂ ਨੂੰ ਤੇਰੇ ਰਸੂਲ ਸਲਲੱਾਹੁ ਅਲੈਹਿ ਵਸਲਅਮ ਨਾਲ ਪ੍ਰੇਮ ਹੈ ਅਤੇ ਉਸੇ ਪ੍ਰੇਮ ਦੇ ਸਬਬ ਇਹ ਤੁਹਾਨੂੰ ਗਾਲ੍ਹਾਂ ਦਿੰਦੇ ਹਨ । ਸੋ, ਸਾਧਾਰਣ ਲੋਕ ਤਾਂ ਅਨਜਾਣ ਹਨ । ਉਹਨਾਂ ਨੂੰ ਜੋ ਮੌਲਵੀ ਪੜ੍ਹਾਉਂਦਾ ਹੈ ਉਹ ਅੱਗੇ ਉਸਦਾ ਪ੍ਰਗਟਾਵਾ ਕਰ ਦਿੰਦੇ ਹਨ । ਸੋ, ਸਾਡੀ ਇਹ ਦੁਆ ਹੋਣੀ ਚਾਹੀਦੀ ਹੈ ਕਿ ਅਲੱਾਹ ਤਆਲਾ ਉਮੱਤ ਨੂੰ ਭੈੜੇ ਮੌਲਵੀਆਂ ਅਤੇ ਗ਼ਲਤ ਲੀਡਰਾਂ ਤੋਂ ਬਚਾਏ ਅਤੇ ਸਾਧਾਰਣ ਲੋਕਾਂ ਨੂੰ ਸਚੱਾਈ ਪਛਾਨਣ ਦੀ ਤੋਫ਼ੀਕ ਪ੍ਰਦਾਨ ਕਰੇ । ਫਿਰ ਇਹ ਗੱਲ ਵਰਨਣ ਕਰਦਿਆਂ ਹੋਇਆਂ ਵਾਸਤਵਿਕ ਮੁਸਲਮਾਨ ਲਈ ਇਹ ਮੁਕਦੱਰ ਹੈ ਕਿ ਔਕੁੜਾਂ ਤੇ ਮੁਸੀਬਤਾਂ ਅਤੇ ਖ਼ਤਰੇ ਪੈਦਾ ਹੋਣ ਤਾਂ ਰੱਬ ਉਸ ਦੀ ਭਲਾਈ ਦੇ ਸਾਧਨ ਪੈਦਾ ਕਰਦਾ ਹੈ, ਜਾਂ ਆਪ ਫ਼ਰਮਾਉਂਦੇ ਹਨ । ਹਜ਼ਰਤ ਮੌਲਾਨਾ ਰੂਮ ਦਾ ਸ਼ੇਅਰ ਹੈ ਕਿ :

ਹਰ ਬਲਾ ਕੀਂ ਈਂ ਕੌਮ ਰਾ ਉਦਾਦਾ ਅਸਤ          ਜ਼ੇਰ ਆਂ ਯਕ ਗੰਜ ਹਾ ਬ ਨਿਹਾਦਾ ਅਸਤ

ਕਿ ਉਸ ਖ਼ੁਦਾ ਨੇ ਕੌਮ ਉਪੱਰ ਜੋ ਔਕੁੜ ਪਾਈ ਉਸ ਦੇ ਹੇਠਾਂ ਉਸ ਨੇ ਇਕ ਬਹੁਤ ਵੱਡਾ ਖ਼ਜ਼ਾਨਾ ਰੱਖਿਆ ਹੋਇਆ ਹੈ । ਆਪ ਫ਼ਰਮਾਉਂਦੇ ਹਨ ਕਿ ਇਸ ਨੂੰ ਹਮੇਸ਼ਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵੀ ਪੜ੍ਹਕੇ ਫ਼ਰਮਾਇਆ ਕਰਦੇ ਸਨ ਕਿ ਜੇਕਰ ਕੋਈ ਕੌਮ ਜਾ ਜਮਾਤ ਵਾਸਤਵ ਵਿੱਚ ਮੁਸਲਮਾਨ ਬਣ ਜਾਵੇ ਤਾਂ ਉਸ ਦੀਆਂ ਸਰੀਆਂ ਮੁਸੀਬਤਾਂ ਅਤੇ ਸਾਰੇ ਖ਼ਤਰੇ ਜਿੰਨ੍ਹਾ ਵਿੱਚ ਉਹ ਗ੍ਰਿਸੇ ਹੋਣ ਉਸ ਲਈ ਮੁਕਤੀ ਤੇ ਤਰੱਕੀ ਦਾ ਸਬਬ ਬਣ ਜਾਂਦੇ ਹਨ ਅਤੇ ਇਹ ਬਹੁਤ ਵੱਡਾ ਮਿਆਰ ਹੈ ਸਚੱਾਈ ਨੂੰ ਮਿੰਨ੍ਹਣ ਦਾ ਕਿ ਦੁੱਖ ਪਿੱਛੋਂ ਸੁੱਖ ਆਉਦੇ ਹਨ । ਜਮਾਤ ਅਹਮਦੀਆ ਦਾ ਇਤਿਹਾਸ ਇਸ ਦੀ ਸਾਖੀ ਭਰਦਾ ਹੈ ਕਿ ਹਰ ਔਕੁੜ ਸਾਡੇ ਲਈ ਰੱਬ ਦੀ ਮਿਹਰ ਨਾਲ ਤਰੱਕੀ ਦਾ ਸਾਧਨ ਲੈ ਕੇ ਆਉਂਦੀ ਹੈ ।

ਫਿਰ ਇਸ ਗੱਲ ਨੂੰ ਵਰਨਣ ਕਰਦਿਆਂ ਹੋਇਆਂ ਕਿ ਭੈੜੇ ਵਿਚਾਰਾਂ ਦਾ ਪ੍ਰਭਾਵ ਬਿਨਾ ਜਾਹਿਰੀ ਸਬਬਾਂ ਦੇ ਕੇਵਲ ਸੰਗਤ ਨਾਲ ਵੀ ਹੋ ਜਾਂਦਾ ਹੈ ਕੋਈ ਕਿਸੇ ਨੂੰ ਬੁਰਾਈ ਵਿੱਚ ਪੈਣ ਬਾਰੇ ਆਖੇ ਜਾਂ ਨ ਆਖੇ, ਜੇਕਰ ਕਿਸੇ ਬੁਰੇ ਦੀ ਸੰਗਤ ਵਿੱਚ ਮਨੁੱਖ ਸਮਾਂ ਲੰਘਾ ਰਿਹਾ ਹੋਵੇ ਤਾਂ ਉਹ ਅਣਜਾਣੇ ਹੀ ਉਸ ਵਿੱਚ ਪੈਦਾ ਹੋ ਜਾਂਦੀ ਹੈ । ਬੁਰੇ ਮਨੁੱਖ ਦਾ ਪ੍ਰਭਾਵ ਅਣਜਾਣੇ ਹੀ ਉਸ’ਤੇ ਹੋ ਰਿਹਾ ਹੁੰਦਾ ਹੈ । ਇਹ ਗੱਲ ਵਰਨਣ ਕਰਦਿਆਂ ਹੋਇਆਂ ਆਪ ਦਸਦੇ ਹਨ ਕਿ ਇਕ ਵਾਰ ਇਕ ਸਿੱਖ ਵਿਦਿਆਰਥੀ ਜੋ ਗਵਰਮੈਂਟ ਕਾਲਜ ਵਿੱਚ ਪੜ੍ਹਦਾ ਸੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਅਖ਼ਲਾਕੀ ਸੰਬੰਧ ਰਖੱਦਾ ਸੀ, ਹਜ਼ਰਤ ਸਾਹਬ ਨੂੰ ਕਹਿਲਾ ਭੇਜਿਆ ਕਿ ਪਹਿਲਾਂ ਮੈਂਨੂੰ ਰੱਬ ਉਪੱਰ ਭਰੋਸਾ ਸੀ ਪਰ ਹੁਣ ਮੇਰੇ ਮਨ ਵਿੱਚ ਇਸ ਬਾਰੇ ਸ਼ੰਕਾਵਾਂ ਪੈਦਾ ਪੈਣ ਲੱਗੀਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਸ ਨੂੰ ਕਹਿਲਾ ਭੇਜਿਆ ਕਿ ਤੁਸੀਂ ਕਾਲਜ ਵਿੱਚ ਜਿਸ ਸੀਟ ਉਪੱਰ ਬਹਿੰਦੇ ਹੋ ਉਸ ਥਾਂ ਨੂੰ ਬਦਲ ਦਿਓ । ਸੋ ਉਸ ਨੇ ਉਹ ਥਾਂ ਬਦਲ ਦਿੱਤੀ ਅਤੇ ਫਿਰ ਦਸਿਆ ਕਿ ਹੁਣ ਮੇਰੇ ਮਨ ਵਿੱਚ ਰੱਬ ਬਾਰੇ ਕੋਈ ਸ਼ੰਕਾ ਨਹੀਂ ਪੈਦਾ ਹੁੰਦੀ । ਆਪ ਨੇ ਫ਼ਰਮਾਇਆ ਉਸ’ਤੇ ਇਕ ਵਿਅਕਤੀ ਦਾ ਪ੍ਰਭਾਵ ਪੈ ਰਿਹਾ ਸੀ ਜੋ ਉਸ ਨਾਲ ਬੈਠਦਾ ਸੀ ਅਤੇ ਉਹ ਨਾਸਤਕ ਸੀ ਜੱਦ ਉਸ ਨੇ ਥਾਂ ਬਦਲੀ ਤਾਂ ਉਸ ਦਾ ਪ੍ਰਭਾਵ ਪੈਣਾ ਬੰਦ ਹੋ ਗਿਆ ਅਤੇ ਸ਼ੰਕੇ ਵੀ ਨ ਰਹੇ । ਇਸੇ ਪ੍ਰਕਾਰ ਟੀਵੀ ਦੇ ਪ੍ਰੋਗ੍ਰਾਮ ਹਨ ਇਸ ਬਾਰੇ ਵੀ ਵੱਡਿਆਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ, ਬੱਚਿਆਂ ਨੂੰ ਪ੍ਰੋਗਰਾਮ ਦੇਖਣ ਤੋਂ ਰੋਕਦੇ ਹਨ, ਉਹ ਬੱਚਿਆਂ ਨੂੰ ਅਜਿਹੇ ਪ੍ਰਗਰਾਮ ਨ ਵੀ ਦੇਖਣ ਦੇਣ ਜੋ ਬੱਚਿਆਂ ਦੇ ਆਚਰਣ ਉਪੱਰ ਕੁਪ੍ਰਭਾਵ ਪਾਉਂਦੇ ਹਨ, ਏਥੇ ਮਾਪਿਆਂ ਦਾ ਵੀ ਕਰਤਵ ਹੈ ਕਿ ਆਪਣੇ ਘਰਾਂ ਦੇ ਮਾਹੌਲ ਨੂੰ ਪਾਕ ਸਾਫ਼ ਰਖੱਣ ਕਿਉਂਕਿ ਅਣਜਾਣੇ ਵਿੱਚ ਇਹਨਾਂ ਚੀਜਾਂ ਦਾ ਪ੍ਰਭਾਵ ਬੱਚਿਆਂ ਉਪੱਰ ਪੈ ਰਿਹਾ ਹੁੰਦਾ ਹੈ ਅਤੇ ਸੁਭਾਵ’ਤੇ ਪ੍ਰਭਾਵ ਪੈਂਦਾ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਥਾਂ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਈ ਲੋਕਾਂ ਨੂੰ ਕਹਿ ਦਿਆ ਕਰਦੇ ਸਨ ਕਿ ਦੁਆ ਲਈ ਸੰਬੰਧ ਦੀ ਲੋੜ ਹੁੰਦੀ ਹੈ ਤੁਸੀਂ ਇਕ ਨਜ਼ਰ ਮੰਨੋ ਮੈਂ ਦੁਆ ਕਰਾਂਗਾ । ਇਹ ਤਰੀਕਾ ਇਸ ਲਈ ਅਪਣਾਇਆ ਕਰਦੇ ਸਨ ਕਿ ਸੰਬੰਧ ਵਧੇ । ਇਸ ਬਾਰੇ ਹਜ਼ਰਤ ਸਾਹਬ ਨੇ ਕਈ ਵਾਰ ਇਹ ਸਚੱਾਈ ਸੁਣਾਈ ਹੈ ਕਿ ਇਕ ਬਜ਼ੁਰਗ ਤੋਂ ਕੋਈ ਮਨੁੱਖ ਦੁਆ ਕਰਾਉਣ ਲਈ ਗਿਆ, ਉਸ ਦੇ ਮਕਾਨ ਦਾ ‘ਕਬਾਲਾ’ ਗੁੰਮ ਹੋ ਗਿਆ ਸੀ । ਉਸ ਨੇ ਕਿਹਾ ਕਿ ਮੈਂ ਦੁਆ ਕਰਾਂਗਾ ਪਹਿਲਾਂ ਮੇਰੇ ਲਈ ਹਲਵਾ ਲਿਆਓ । ਜੱਦ ਹਲਵਾ ਉਸ ਨੇ ਲਿਆ ਅਤੇ ਹਲਵਾਈ ਉਸਨੂੰ ਇਕ ਕਾਗ਼ਜ਼ ਵਿੱਚ ਪਾਕੇ ਦੇਣ ਲੱਗਾ ਜੋ ਕਾਗ਼ਜ਼ ਹਲਵਾਈ ਕੋਲ ਪਿਆ ਹੋਇਆ ਸੀ, ਉਸ ਨੇ ਰੌਲ਼ਾ ਪਾ ਦਿੱਤਾ ਕਿ ਇਸ ਨੂੰ ਨ ਪਾੜਨਾ ਇਹੋ ਤਾਂ ਕੇਰੇ ਮਕਾਨ ਦੇ ਕਾਗ਼ਜ਼ ਹਨ, ਇਸੇ ਲਈ ਤਾਂ ਦੁਆ ਕਰਵਾਉਣਾ ਚਾਹੁੰਦਾ ਸੀ । ਸੋ, ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਮਿਲਦੀਆਂ ਹਨ । ਨੇਕੀਆਂ ਵਿੱਚ ਇਕ ਦੂਜੇ ਤੋਂ ਅਗਾਂਹ ਵਧੱਣ ਦੀ ਤਲਕੀਨ ਕਰਦਿਆਂ ਹੋਇਆਂ ਇਕ ਵਾਰ ਆਪ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਵਰਨਣ ਕੀਤਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੋ ਸਾਹਾਬੀਆਂ ਬਾਰੇ ਸੁਣਾਉਂਦੇ ਸੀ ਕਿ ਇਕ ਸਹਾਬੀ ਘੋੜਾ ਵੇਚਣ ਲਈ ਬਜ਼ਾਰ ਵਿੱਚ ਲਿਆਇਆ, ਦੂਜੇ ਨੇ ਉਸ ਦਾ ਮੁੱਲ ਪੁੱਛਿਆ ਉਸ ਨੇ ਕੁਝ ਦੱਸੀ ਪਰ ਖ਼ਰੀਦਨ ਵਾਲੇ ਨੇ ਕਿਹਾ ਨਹੀਂ, ਇਸ ਦਾ ਮੁੱਲ ਇਹ ਹੈ ਅਤੇ ਜੋ ਉਸ ਨੇ ਦੱਸੀ ਉਹ ਵੇਚਣ ਵਾਲੇ ਦੇ ਦੱਸੇ ਹੋਏ ਮੁੱਲ ਤੋਂ ਵੱਧ ਸੀ । ਸੋ,ਆਪ ਫ਼ਰਮਾਉਂਦੇ ਹਨ ਕਿ ਇਹ ਮਿਆਰ ਈਮਾਨਦਾਰੀ ਦਾ ਤਾਂ ਮਮੂਲੀ ਗੱਲ ਹੈ । ਜਿੱਥੇ ਇਹ ਗੱਲ ਸਾਡੀ ਆਪਣੀ ਸੀਖ ਲਈ ਆਪਣੇ ਪੁੰਨ ਲਈ ਲਾਹੇਵੰਦ ਹੋਵੇਗੀ ਸਾਡੀਆਂ ਨਸਲਾਂ ਲਈ ਸੀਖ ਲੈਣ ਵਾਲੀ ਵੀ ਹੋਵੇਗੀ ਅਤੇ ਇਸ ਦੇ ਨਾਲ ਹੀ ਨਾਲ ਜਮਾਤ ਦੀ ਤਰੱਕੀ ਦਾ ਸਬਬ ਵੀ ਹੋਵੇਗੀ । ਸੋ, ਇਹ ਮਿਆਰ ਹਨ ਜੋ ਈਮਾਨਦਾਰੀ ਦੇ ਜੋ ਸਨੂੰ ਕਾਇਮ ਰਖੱਣ ਦੇ ਜਤਨ ਕਰਨੇ ਚਾਹੀਦੇ ਹਨ ।

ਫਿਰ ਇਕ ਹੋਰ ਮਹਤੱਵਪੂਰਨ ਗੱਲ ਹੈ ਜਿਸ ਵੱਲ ਹਰ ਅਹਮਦੀ ਨੂੰ ਧਿਆਨ ਦੇਣ ਦੀ ਲੋੜ ਹੈ ਇਹ ਹੈ ਕਿ ਹਮੇਸ਼ਾ ਇਹ ਚੇਤੇ ਰਖੱਣਾ ਚਾਹੀਦਾ ਹੈ ਕਿ ਸਾਰੀਆਂ ਖ਼ੂਬੀਆਂ ਦਾ ਮਾਲਕ ਕੇਵਲ ਰੱਬ ਹੈ । ਉਸੇ ਪ੍ਰਕਾਰ ਕਿਸੇ ਨੂੰ ਸੁਮਾਰਗ ਪ੍ਰਦਾਨ ਕਰਨਾ ਵੀ ਰੱਬ ਦਾ ਕੰਮ ਹੈ । ਰੱਬ ਨੇ ਸਾਡੇ ਸੁਪੁਰਦ ਇਕ ਕੰਮ ਕੀਤਾ ਹੈ ਕਿ ਸੁਮਾਰਗ ਦਾ ਪ੍ਰਕਾਸ਼ਨ ਕਰੋ ਸੰਦੇਸ਼ ਪਹੁੰਚਾਓ ਹਿਦਾਇਤ ਦੇਣਾ

ਇਹ ਰੱਬ ਦਾ ਕੰਮ ਹੈ । ਸਾਨੂੰ ਜਿੱਥੋਂ ਤੱਕ ਸੰਭਵ ਹੋਵੇ ਆਪਣੇ ਸਾਰਿਆਂ ਜਤਨਾਂ ਨਾਲ ਉਸ ਕੰਮ ਨੂੰ ਕਰਨਾ ਚਾਹੀਦਾ ਹੈ ਅਤੇ ਸਿੱਟੇ ਫਿਰ ਰੱਬ ਆਪ ਬਖ਼ਸ਼ਦਾ ਹੈ । ਇਹ ਕਦੇ ਵੀ ਵਿਚਾਰ ਨਹੀਂ ਕਰਨਾ ਚਾਹੀਦਾ ਕਿ ਫ਼ਲਾਣਾ ਮਨੁੱਖ ਹਿਦਾਇਤ ਪ੍ਰਾਪਤ ਕਰ ਜਾਵੇ ਅਤੇ ਅਹਮਦੀ ਹੋ ਜਾਵੇ ਤਾਂ ਜਮਾਤ ਤਰੱਕੀ ਕਰੇਗੀ । ਸੋ, ਸਾਡਾ ਧਿਆਨ ਰੱਬ ਦੀਆਂ ਮਿਹਰਾਂ ਪ੍ਰਾਪਤ ਕਰਨ ਵੱਲ ਹੋਣਾ ਚਾਹੀਦਾ ਹੈ । ਸਾਡੀ ਨਿਰਭਰਤਾ ਰੱਬ ਉਪੱਰ ਹੋਣੀ ਚਾਹੀਦੀ ਹੈ ਅਤੇ ਜੋ ਕੰਮ ਅਸੀਂ ਕਰਨਾ ਹੈ ਕਰਨਾ ਚਾਹੀਦਾ ਹੈ ਨ ਕਿ ਲੋਕਾਂ ਵੱਲ ਤੱਕ ਰੱਖੀਏ । ਇਸ ਲਈ ਇਹ ਦੁਆ ਕਰਨੀ ਚਾਹੀਦੀ ਹੈ ਕਿ ਰੱਬ ਅਜਿਹੇ ਲੋਕ ਜਮਾਤ ਨੂੰ ਪ੍ਰਦਾਨ ਕਰੇ ਜੋ ਸਚੱਾਈ ਤੇ ਈਮਾਨਦਾਰੀ ਵਿੱਚ ਵਧੱਣ ਵਾਲੇ ਹੋਣ ਅਤੇ ਦੀਨੀ ਤਰੱਕੀ ਵਿੱਚ ਕਦਮ ਅੱਗੇ ਵਧਾਉਣ ਵਾਲੇ ਹੋਣ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮਨੁੱਖਤਾ ਨੂੰ ਗੁਮਰਾਹੀ ਤੋਂ ਬਚਾਉਣ ਲਈ ਕਿੰਨ੍ਹਾ ਦੁੱਖ ਤੇ ਪੀੜ੍ਹਾ ਸੀ ਇਸ ਦੀ ਉਧਾਰਣ ਦਿੰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਘਟਨਾ ਇਉ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਇਕ ਅਨਪੜ੍ਹ ਅਤੇ ਨਿਮਾਣੀ ਇਸਤਰੀ ਆਈ ਅਤੇ ਕਹਿਣ ਲੱਗੀ ਕਿ ਹਜ਼ੂਰ ਮੇਰਾ ਪੁਤੱਰ ਈਸਾਈ ਹੋ ਗਿਆ ਹੈ ਆਪ ਦੁਆ ਕਰੋ ਕਿ ਉਹ ਮੁਸਲਮਾਨ ਹੋ ਜਾਵੇ । ਆਪ ਨੇ ਫ਼ਰਮਾਇਆ ਕਿ ਤੁਸੀਂ ਉਸਨੂੰ ਮੇਰੇ ਕੋਲ ਭੇਜਿਆ ਕਰੋ ਕਿ ਉਹ ਰੱਬ ਦੀਆਂ ਗੱਲਾਂ ਸੁਣਿਆ ਕਰੇ । ਉਹ ਰੋਗੀ ਸੀ ਹਜ਼ਰਤ ਖ਼ਲੀਫ਼ਤੁਲ ਮਸੀਹ ਅਵੱਲ ਕੋਲ ਇਲਾਜ ਲਈ ਆਇਆ ਹੋਇਆ ਸੀ, ਉਸ ਲੜਕੇ ਨੂੰ ਟੀਬੀ ਦਾ ਰੋਗ ਸੀ । ਜੱਦ ਉਹ ਆਪ ਜੀ ਕੋਲ ਆਉਂਦਾ ਤਾਂ ਆਪ ਉਸ ਨੂੰ ਨਸੀਹਤ ਕਰੇਦ ਰਹੇ ਅਤੇ ਇਸਲਾਮ ਦੀਆਂ ਗੱਲਾਂ ਸਮਝਾਉਂਦੇ ਰਹੇ । ਸੋ, ਰੱਬ ਨੇ ਉਸ ਇਸਤਰੀ ਦੀ ਇੱਛਾ ਪਰਵਾਨ ਕਰ ਲਈ ਅਤੇ ਉਹ ਲੜਕਾ ਮੁਸਲਮਾਨ ਹੋ ਗਿਆ ਅਤੇ ਇਸਲਾਮ ਲਿਆਉਣ ਦੇ ਕੁਝ ਦਿਨ ਬਾਦ ਬੇਚਾਰਾ ਫ਼ੌਤ ਵੀ ਹੋ ਗਿਆ । ਉਸ ਇਸਤਰੀ ਨੂੰ ਵੀ ਪਤਾ ਸੀ ਕਿ ਜੇਕਰ ਦੀਨ ਵਿੱਚ ਵਾਪਸ ਲਿਆਉਣ ਦਾ ਕੋਈ ਅੰਤਮ ਮਨੁੱਖੀ ਹੀਲਾ ਹੋ ਸਕਦਾ ਸੀ ਤਾਂ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹੀ ਹਨ ਕਿਉਂਕਿ ਉਹਨਾਂ ਵਿੱਚ ਹੀ ਵਾਸਤਵਿਕ ਪੀੜ੍ਹਾ ਹੈ ਇਸਲਾਮ ਦੀ ਅਤੇ ਉਹੋ ਹੀ ਵਾਸਤਵਿਕ ਪੀੜ੍ਹਾਂ ਨਾਲ ਦੂਜੇ ਨੂੰ ਸੰਦੇਸ਼ ਵੀ ਪਹੁੰਚਾ ਸਕਦੇ ਹਨ, ਪ੍ਰਚਾਰ ਕਰ ਸਕਦੇ ਹਨ ਕਾਇਲ ਕਰ ਸਕਦੇ ਹਨ । ਇਕ ਥਾਂ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਦੇ ਸੁਧਾਰ ਦੇ ਤਰੀਕੇ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ । ਹਜ਼ਰਤ ਸਾਹਬ ਦਾ ਸੁਧਾਰ ਦਾ ਤਰੀਕਾ ਬਹੁਤ ਅਨੋਖਾ, ਸੂਖਮ ਤੇ ਨਿਰਾਲਾ ਸੀ । ਇਕ ਮਨੁੱਖ ਆਪ ਜੀ ਕੋਲ ਅਇਆ ਉਸ ਕੋਲ ਸਾਧਨਾ ਦੀ ਘਾਟ ਸੀ ਉਹ ਗਲੱਾਂ ਗਲੱਾਂ ਵਿੱਚ ਇਹ ਦਸੱਣ  ਲਗੱਾ ਕਿ ਇਸ ਘਾਟ ਕਰਕੇ ਰੇਲ ਦੀ ਟਿਕਟ ਵਿੱਚ ਰਿਆਇਤ ਨਾਲ ਆਇਆ ਹਾਂ ਅਤੇ ਉਹ ਤਰੀਕਾ ਸ਼ਾਇਦ ਕੁਝ ਗਲਤ ਸੀ । ਆਪ ਨੇ ਇਕ ਰੁਪਇਆ ਉਸਨੂੰ ਦੇ ਦਿੱਤਾ ਅਤੇ ਹਸੱਦਿਆ ਹੋਇਆਂ ਫ਼ਰਮਾਇਆ, ਉਸ ਸਮੇਂ ਰੁਪਏ ਦਾ ਬਹੁਤ ਮੁੱਲ ਸੀ ਕਿ ਆਸ ਹੈ ਜਾਂਦਿਆਂ ਹੋਇਆਂ ਤੁਹਾਨੂੰ ਅਜਿਹਾ ਕਰਨ ਦੀ ਲੋੜ ਨਹੀਂ ਪਏਗੀ । ਉਸ ਨੂੰ ਸਮਝਾ ਵੀ ਦਿੱਤਾ ਕਿ ਜੋ ਜਾਇਜ਼ ਤਰੀਕਾ ਹੈ ਉਸ ਨੂੰ ਹਮੇਸ਼ਾ ਕਰਨਾ ਚਾਹੀਦਾ ਹੈ । ਫਿਰ ਜਮਾਤ ਨੂੰ ਹੁਨਰ ਸਿਖੱਣ ਅਤੇ ਮਿਹਨਤ ਕਰਨ ਵੱਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਬਹੁਤ ਧਿਆਨ ਦੁਆਇਆ ਹੈ । ਇਕ ਘਟਨਾ ਵਰਨਣ ਕਰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਇਕ ਲੜਕਾ ਸੀ ਜਿਸ ਦਾ ਫ਼ਜੱਾ ਸੀ ਇਕ ਵਾਰ ਕੁਝ ਮਹਿਮਾਨ ਆਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾ ਲਈ ਚਾਹ ਬਣਵਾਈ ਅਤੇ ਫ਼ੱਜੇ ਨੂੰ ਕਿਹਾ, ਇਹ ਜੋ ਲੋਕ ਹਨ ਇਹਨਾ ਮਹਿਮਾਨਾਂ ਨੂੰ ਚਾਹ ਪਿਆਓ ਅਤੇ ਇਕ ਹੋਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪੁਰਾਣੇ ਮੁਲਾਜ਼ਮ ਸਨ ਚਿਰਾਗ਼ ਓਹਨਾਂ ਨੂੰ ਵੀ ਨਾਲ ਕਰ ਦਿਤੱਾ ਅਤੇ ਜੱਦ ਦੋਵੇਂ ਚਾਹ ਲੈਕੇ ਗਏ ਤਾਂ ਉਹ ਚਿਰਾਗ਼ ਜੋ ਕਿ ਪੁਰਾਣਾ ਮੁਲਾਜ਼ਮ ਸੀ ਉਸ ਨੇ ਪਹਿਲਾਂ ਚਾਹ ਦੀ ਪਿਆਲੀ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਬਜ਼ੁਰਗੀ ਤੇ ਮਰਤਬੇ ਦੇ ਵਿਚਾਰ ਕਰਕੇ ਉਹਨਾਂ ਸਾਹਮਣੇ ਰੱਖ ਦਿੱਤੀ, ਪਰ ਫ਼ੱਜੇ ਨੇ ਹੱਥ ਫੜ੍ਹ ਲਿਆ ਅਤੇ ਕਿਹਾ ਕਿ ਹਜ਼ਰਤ ਸਾਹਬ ਨੇ ਕੇਵਲ ਪੰਜਾਂ ਲੋਕਾਂ ਦੇ ਨਾਂ ਲਏ ਸਨ ਇਹਨਾਂ ਦਾ ਨਾਂ ਨਹੀਂ ਲਿਆ ਸੀ ਭਾਵ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਉਸ ਦੀ ਬੁੱਧੀ ਦਾ ਐਨ੍ਹਾ ਛੋਟਾ ਮਿਆਰ ਸੀ ਕਿ ਐਨ੍ਹੀ ਛੋਟੀ ਜਿਹੀ ਗੱਲ ਵੀ ਨਹੀਂ ਸਮਝ ਸਕਦਾ ਸੀ ਪਰ ਜੱਦ ਉਸ ਨੂੰ ਮਿਸਤਰੀ ਨਾਲ ਲਾਇਆ ਗਿਆ ਤਾਂ ਛੇਤੀ ਹੀ ਮਿਸਤਰੀ ਬਣ ਗਿਆ । ਸੋ ਇਸ ਪਾਸੇ ਧਿਆਨ ਦੁਆਉਂਦੇ ਹਨ ਹਜ਼ਰਤ ਮੁਸਲਿਹ ਮੌਊਦ ਰਜ਼ੀ

ਅਲੱਾਹ ਅਨਹੁ ਕਿ ਰਤਾ ਵੀ ਲੋਕ ਧਿਆਨ ਦੇਣ ਤਾਂ ਜੋ ਲੋਕ ਨਿਕੰਮੇ ਬੈਠੇ ਰਹਿੰਦੇ ਹਨ ਕਈ ਹੋਰਨਾ ਦੇਸ਼ਾਂ ਵਿੱਚ ਗਰੀਬ ਦੇਸ਼ਾਂ ਵਿੱਚ ਵੀ ਅਤੇ ਏਥੇ ਆਣ ਕੇ ਵੀ ਕਈ ਲੋਕ ਬੈਠੇ ਰਹਿੰਦੇ ਹਨ । ਕੋਈ ਨ ਕੋਈ ਹੁਨਰ ਤੇ ਕੰਮ ਸਿੱਖ ਸਕਦੇ ਹਨ ਅਤੇ ਰੁਪਏ ਕਮਾ ਸਕਦੇ ਹਨ ਸਗੋਂ ਲੋਕ ਭਲਾਈ ਦੇ ਕਰਜਾ ਵਿੱਚ ਕਾਰ ਸੇਵਾ ਦੇ ਕੰਮਾ ਵਿੱਚ ਭਾਗ ਲੈ ਸਕਦੇ ਹਨ ।

ਰੱਬ ਲਈ ਗ਼ੈਰਤ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵਰਨਣ ਕਰਦਿਆ ਹੋਇਆਂ ਇਕ ਘਟਨਾ ਵਰਨਣ ਕਰਦੇ ਹਨ ਕਿ ਏਥੇ ਇਕ ਮਨੁੱਖ ਸਨ ਬਾਦ ਵਿੱਚ ਉਹ ਨੇਕ ਅਹਦੀ ਹੋ ਗਏ ਅਤੇ ਹਜ਼ਰਤ ਸਾਹਬ ਨਾਲ ਉਹਨਾਂ ਦਾ ਬਹੁਤ ਸੰਬੰਧ ਸੀ ਪਰ ਅਹਮਦੀ ਹੋਣ ਤੋ ਪਹਿਲਾਂ ਹਜ਼ਰਤ ਸਾਹਬ ਉਹਨਾਂ ਤੋਂ ਵੀਹ ਸਾਲ ਤੱਕ ਨਾਰਾਜ਼ ਰਹੇ ਕਾਰਣ ਇਕ ਕਿ ਹਜ਼ਰਤ ਸਾਹਬ ਨੂੰ ਉਹਨਾਂ ਦੀ ਇਕ ਗੱਲ ਨਾਲ ਬਹੁਤ ਘ੍ਰਿਣਾ ਹੋ ਗਈ ਸੀ ਅਤੇ ਉਹ ਇਸ ਪ੍ਰਕਾਰ ਕਿ ਉਹਨਾਂ ਦਾ ਇਕ ਲੜਕਾ ਫ਼ੌਤ ਹੋ ਗਿਆ । ਹਜ਼ਰਤ ਸਾਹਬ ਆਪਣੇ ਭਾਈ ਨਾਲ ਉਹਨਾਂ ਦੇ ਘਰ ਦੁੱਖ ਪ੍ਰਗਟਾਉਣ ਲਈ ਗਏ ਤਾਂ ਉਹਨਾਂ ਨੇ ਹਜ਼ਰਤ ਸਾਹਬ ਦੇ ਭਾਈ ਨਾਲ ਗੱਲ ਮਿਲਦਿਆਂ ਹੋਇਆਂ ਰੋਂਦਿਆਂ ਹੋਇਆਂ ਕਿਹਾ ਕਿ ਰੱਬ ਨੇ ਮੇਰੇ ਉਪੱਰ ਬਹੁਤ ਜ਼ੁਲਮ ਕੀਤਾ ਹੈ (ਨਊਜ਼ ਬਿੱਲਾਹ) ਇਹ ਸੁਣ ਕੇ ਹਜ਼ਰਤ ਸਾਹਬ ਨੂੰ ਅਜਿਹੀ ਘ੍ਰਿਣਾ ਹੋਈ ਕਿ ਉਹਨਾਂ ਦੀ ਸ਼ਕਲ ਵੀ ਦੇਖਣਾ ਨਹੀਂ ਚਾਹੁੰਦੇ ਸੀ । ਬਾਦ ਵਿੱਚ ਰੱਬ ਨੇ ਉਸ ਵਿਅਕਤੀ ਨੂੰ ਸੰਜੋਗ ਪ੍ਰਦਾਨ ਕੀਤਾ ਅਤੇ ਓਹ ਵਿਅਕਤੀ ਉਹਨਾਂ ਜਹਾਲਤਾਂ ਵਿੱਚੋਂ ਬਾਹਰ ਨਿਕਲ ਆਏ ਅਤੇ ਅਹਮਦੀਅਤ ਪਰਵਾਨ ਕਰ ਲਈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਰੱਬ ਦੀ ਹਸੱਤੀ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਇਕ ਘਟਨਾ ਸੁਣਾਇਆ ਕਰਦੇ ਸਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਮੀਰ ਮੁਹਮੱਦ ਇਸਮਾਈਲ ਸਾਹਬ ਨਾਲ ਇਕ ਨਾਸਤਕ ਪੜ੍ਹਿਆ ਕਰਦਾ ਸੀ । ਇਕ ਵਾਰ ਭੁਕੰਪ ਜੋ ਆਇਆ ਤਾਂ ਉਸ ਦੇ ਮੂੰਹੋਂ ਆਪ ਮੁਹਾਰੇ ਹੀ ਰਾਮ ਰਾਮ ਨਿਕਲ ਗਿਆ । ਪਹਿਲਾਂ ਹਿੰਦੂ ਸੀ ਫਿਰ ਨਾਸਤਕ ਹੋ ਗਿਆ ਸੀ, ਮੀਰ ਸਾਹਬ ਨੇ ਉਸ ਨੂੰ ਪੁੱਛਿਆ ਕਿ ਤੁਸੀਂ ਤਾਂ ਰੱਬ ਦੇ ਇਨਕਾਰੀ ਹੋ ਫਿਰ ਤੁਸੀਂ ਰਾਮ ਰਾਮ ਕਿਉਂ ਕਿਹਾ । ਕਹਿਣ ਲਗੱਾ ਗ਼ਲਤੀ ਹੋ ਗਈ ਐਵੇਂ ਹੀ ਮੂੰਹੋ ਨਿਕਲ ਗਿਆ । ਰੱਬ ਦੀ ਹਸਤੀ ਇਹ ਬਹੁਤ ਪੱਕੀ ਦਲੀਲ ਹੈ ਕਿ ਹਰ ਕੌਮ ਵਿੱਚ ਇਹ ਵਿਚਾਰ ਪਾਇਆ ਜਾਂਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਰੱਬ ਦੀ ਤਾਈਦ ਤੇ ਮਦਦ ਅਤੇ ਆਪ ਜੀ ਦੇ ਮਨ ਦੀ ਅਵਸਥਾ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਸ ਅਵਸਥਾ ਅਤੇ ਹਾਲਤ ਦਾ ਅੰਦਾਜ਼ਾ ਇਸ ਨੋਟ ਨਾਲ ਲਾਇਆ ਜਾ ਸਕਦਾ ਹੈ ਜੋ ਆਪ ਨੇ ਆਪਣੀ ਇਕ ਪ੍ਰਾਈਵੇਟ ਨੋਟਬੁਕ ਵਿੱਚ ਲਿੱਖਿਆ । ਇਸ ਨੋਟ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰੱਬ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਹੇ, ਖ਼ੁਦਾ ! ਮੈਂ ਤੈਨੂੰ ਕਿਵੇਂ ਛੱਡ ਦਿਆਂ ਜੱਦ ਕਿ ਸਾਰੇ ਮਿੱਤਰ ਤੇ ਦੁੱਖ ਵੰਡਾਉਣ ਵਾਲੇ ਮੈਂਨੂੰ ਕੋਈ ਮਦਦ ਨਹੀਂ ਦੇ ਸਕਦੇ ਉਸ ਸਮੇਂ ਤੂੰ ਮੈਂਨੂੰ ਤਸੱਲੀ ਦਿੰਦਾ ਹੈਂ ਅਤੇ ਮੇਰੀ ਮਦਦ ਕਰਦਾ ਹੈਂ । ਇਹ ਇਸਦਾ ਭਾਵਅਰਥ ਹੈ । ਹਰ ਅਹਮਦੀ ਦੇ ਆਚਰਣ ਦਾ ਮਿਆਰ ਅਤਿਅੰਤ ਉਚੱਾ ਹੋਣਾ ਚਾਹੀਦਾ ਹੈ ਇਸ ਦੀ ਅਨੇਕਾਂ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਤਲਕੀਨ ਕੀਤੀ ਹੈ ਇਸ ਬਾਰੇ ਆਪ ਦਾ ਆਪਣਾ ਕੀ ਨਮੂਨਾ ਸੀ ਅਤੇ ਵਿਰੋਧੀਆਂ ਨਾਲ ਵੀ ਆਪ ਕਿਵੇਂ ਚੰਗਾ ਵਰਤਾਓ ਕਰਦੇ ਸਨ ਇਸ ਦਾ ਵਰਨਣ ਕਰਦਿਆ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਕ ਮਿਤੱਰ ਨੇ ਸੁਣਾਇਆ ਕਿ ਇਕ ਵਾਰ ਹਿੰਦੁਆਂ ਵਿੱਚੋਂ ਇਕ ਵਿਅਕਤੀ ਕਟੱੜ ਵਿਰੋਧੀ ਦੀ ਪਤਨੀ ਸਖ਼ਤ ਬਿਮਾਰ ਹੋ ਗਈ । ਵੈਦ ਨੇ ਉਸ ਲਈ ਜੋ ਦਵਾਈਆਂ ਨਿਯੁਕਤ ਕੀਤੀਆਂ ਉਸ ਵਿੱਚ ਮੁਸ਼ਕ (ਕਸਤੂਰੀ) ਵੀ ਪੈਂਦਾ ਸੀ ਜੱਦ ਕਿਤੋਂ ਵੀ ਉਸ ਨੂੰ ਕਸਤੂਰੀ ਨ ਮਿਲੀ ਤਾਂ ਸ਼ਰਮਿੰਦਿਆਂ ਅਤੇ ਲੱਜਿਆਇਆ ਜਿਹਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੋਲ ਆਇਆ ਅਤੇ ਬਿਨਤੀ ਕੀਤੀ ਕਿ ਜੇਕਰ ਆਪ ਜੀ ਕੋਲ ਮੁਸ਼ਕ ਹੈ ਤਾਂ ਪ੍ਰਦਾਨ ਕਰਨੀ ਜੀ, ਸੰਭਵਤਾ ਇਕ ਜਾ ਦੋ ਰੱਤੀ ਮੁਸ਼ਕ ਦੀ ਲੋੜ ਸੀ ਪਰ ਉਸਦਾ ਆਪਣਾ ਬਿਆਨ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਮੁਸ਼ਕ ਦੀ ਸ਼ੀਸ਼ੀ ਭਰ ਕੇ ਲੈ ਆਏ ਅਤੇ ਫ਼ਰਮਾਇਆ ਆਪ ਦੀ ਪਤਨੀ ਨੂੰ ਬਹੁਤ ਕਸ਼ਟ ਹੈ ਇਹ ਸਾਰੀ ਲੈ ਜਾਓ ।

ਭੜਕਨ (ਉਤੇਜਨਾ) ਤੋਂ ਬਚਣ ਲਈ ਕੀ ਸਿੱਖਿਆ ਹੈ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਰਦੇ ਸਨ ਕਿ ਤਾਊਨ (ਪਲੇਗ) 'ਤਅਨ' ਤੋਂ ਨਿਕਲਿਆ ਹੈ ਅਤੇ 'ਤਅਨ' ਦਾ ਅਰਥ ਨੇਜ਼ਾ ਮਾਰਨਾ ਹਨ । ਸੋ, ਉਹੋ ਰੱਬ ਜਿਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਆਪ ਦੇ ਦੁਸ਼ਮਣਾ ਬਾਰੇ ਕਹਿਰੀ ਜਲਵਾ ਦਿਖਾਇਆ ਉਹੋ ਹੁਣ ਵੀ ਮੌਜੂਦ ਹੈ ਅਤੇ ਹੁਣ ਵੀ ਅਵਸ਼ ਆਪਣੀ ਸ਼ਕਤੀ ਦਾ ਜਲਵਾ ਦਿਖਾਏਗਾ ਅਤੇ ਕਦੇ ਵੀ ਖ਼ਾਮੋਸ਼ ਨਹੀਂ ਰਹੇਗਾ । ਅਸੀਂ ਖ਼ਾਮੋਸ਼ ਰਹਾਂਗੇ ਅਤੇ ਜਮਾਤ ਨੂੰ ਨਸੀਹਤ ਕਰਾਂਗੇ ਕਿ ਆਪਣੇ ਨਫ਼ਸ ਕਾਬੂ ਵਿੱਚ ਰਖੱਣ ਅਤੇ ਦੁਨੀਆ ਨੂੰ ਦਿਖਾ ਦੇਣ ਕਿ ਇਕ ਅਜਿਹੀ ਜਮਾਤ ਵੀ ਦੁਨੀਆ ਵਿੱਚ ਹੋ ਸਕਦੀ ਹੈ ਜੋ ਹਰ ਪ੍ਰਕਾਰ ਦੀ ਭੜਕਾਹਟ (ਉਤੇਜਨਾ) ਨੂੰ ਦੇਖਕੇ ਸੁਣ ਕੇ ਸ਼ਾਂਤ ਰਹਿੰਦੀ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਜੇਕਰ ਕੋਈ ਮਨੁੱਖ ਸਮਝੇ ਕਿ ਦੁਆ ਵਿੱਚ ਤਰਲਤਾ ਨਹੀਂ ਪੈਦਾ ਹੁੰਦੀ ਤਾਂ ਉਹ ਬਣਾਉਟੀ ਰੂਪ ਵਿੱਚ ਰੋਣ ਦਾ ਜਤਨ ਕਰੇ ਜਿਸ ਦੇ ਸਿੱਟੇ ਵਿੱਚ ਵਾਸਤਵਿਕ ਤਰਲਤਾ ਪੈਦਾ ਹੋ ਜਾਵੇਗੀ । ਆਪ ਹੋਰ ਫ਼ਰਮਾਉਂਦੇ ਹਨ ਕਿ ਸਾਡੀਆਂ ਕੁਝ ਮਾਮਲਿਆਂ ਵਿੱਚ ਅਸਫ਼ਲਤਾਵਾਂ ਅਤੇ ਦੁਸ਼ਮਣਾ ਵਿੱਚ ਇਉਂ ਘਿਰੇ ਰਹਿਣਾ ਕੇਵਲ ਇਸ ਲਈ ਹੈ ਕਿ ਸਾਡਾ ਇਕ ਭਾਗ ਅਜਿਹਾ ਹੈ ਜੋ ਦੁਆਵਾਂ ਵਿੱਚ ਸੁਸਤੀ ਕਰਦਾ ਹੈ । (ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਵੀ ਇਹ ਵਾਸਤਵਿਕਤਾ ਹੈ) ਅਤੇ ਅਨੇਕਾਂ ਹੀ ਅਜਿਹੇ ਹਨ ਜੋ ਦੁਆ ਕਰਨਾ ਵੀ ਨਹੀਂ ਜਾਣਦੇ । ਫ਼ਰਮਾਇਆ ਦੁਆ ਮੌਤ ਪਰਵਾਨ ਕਰਨ ਦਾ ਨਾਂ ਹੈ, ਸੋ, ਦੁਆ ਦਾ ਇਹ ਅਰਥ ਹੈ ਕਿ ਮਨੁੱਖ ਆਪਣੇ ਉਪੱਰ ਇਕ ਮੌਤ ਵਾਰ ਲੈਂਦਾ ਹੈ ਕਿਉਂਕਿ ਜੋ ਮਨੁੱਖ ਜਾਣਦਾ ਹੈ ਕਿ ਮੈਂ ਇਹ ਕੰਮ ਕਰ ਸਕਦਾ ਹਾਂ ਉਹ ਕੱਦ ਮਦਦ ਲਈ ਕਿਸੇ ਨੂੰ ਅਵਾਜ਼ ਦਿੰਦਾ ਹੈ । ਇਸੇ ਪ੍ਰਕਾਰ ਰੱਬ ਤੋਂ ਵੀ ਉਹੋ ਵਿਅਕਤੀ ਮੰਗ ਸਕਦਾ ਹੈ ਜੋ ਆਪਣੇ ਆਪ ਨੂੰ ਉਸ ਦੇ ਸਾਹਮਣੇ ਮਰਿਆ ਹੋਇਆ ਸਮਝੇ ਅਤੇ ਉਸ ਦੇ ਅੱਗੇ ਆਪਣੇ ਆਪ ਨੂੰ ਉਕੱਾ ਹੀ ਅਸਹਾਏ ਤੇ ਹੀਣਾ ਪ੍ਰਗਟ ਕਰੇ । ਰੱਬ ਫ਼ਰਮਾਉਂਦਾ ਹੈ ਕਿ ਮਨੁੱਖ ਜੱਦ ਤੱਕ ਮੇਰੇ ਮਾਰਗ ਵਿੱਚ ਮਰ ਨਾ ਜਾਵੇ ਉਸ ਸਮੇਂ ਤੱਕ ਦੁਆ ਦੁਆ ਨ ਹੋਵੇਗੀ । ਦੁਆ ਓਸੇ ਨੂੰ ਦੁਆ ਅਖਵਾਉਣ ਦੇ ਯੋਗ ਹੋਵੇਗੀ ਜੋ ਆਪਣੇ ਉਪੱਰ ਇਕ ਮੌਤ ਵਾਰ ਲੈਂਦਾ ਹੈ ਅਤੇ ਆਪਣੇ ਅਪ ਨੂੰ ਇਕ ਉਕੱਾ ਹੀ ਹੀਣਾ ਸਮਝਦਾ ਹੈ । ਜੋ ਮਨੁੱਖ ਇਹ ਅਵਸਥਾ ਪੈਦਾ ਕਰ ਲੈਂਦਾ ਹੈ ਉਹੋ ਰੱਬ ਦੀ ਹਜ਼ੂਰੀ ਵਿੱਚ ਸਫ਼ਲ ਅਤੇ ਓਸੇ ਦੀਆਂ ਦੁਆਵਾਂ ਪ੍ਰਵਾਨ ਯੋਗ ਹੋ ਸਕਦੀਆਂ ਹਨ ।

ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਆਪਣੇ ਅੰਦਰ ਆਚਰਣਕ ਗੁਣਾ ਦੇ ਉਚਤੱਮ ਮਿਆਰ ਕਾਇਮ ਕਰੀਏ ਅਤੇ ਇਬਾਦਤਾਂ ਦੇ ਵੀ ਉਚੱਤਮ ਮਿਆਰ ਕਾਇਮ ਕਰਨ ਵਾਲੇ ਹੋਈਏ ਅਤੇ ਰੱਬ ਸਾਨੂੰ ਪ੍ਰਵਾਨ ਯੋਗ ਦੁਆਵਾਂ ਕਰਨ ਦੀ ਵੀ ਤੌਫ਼ੀਕ ਪ੍ਰਦਾਨ ਕਰੇ ਅਤੇ ਇਸ ਦਾ ਹੱਕ ਪੂਰਾ ਕਰਨ ਵਾਲਾ ਬਣਾਏ ।

**Khulasa Khutba 30.10.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131